Public Health England

NHS

# ਟੀਬੀ, ਬੀਸੀਜੀ ਵੈਕਸੀਨ

## ਅਤੇ ਤੁਹਾਡਾ ਬੱਚਾ



immunisation

ਤੁਹਾਡੇ ਬੱਚੇ ਦੀ ਰੱਖਿਆ ਕਰਨ ਦਾ ਸਭ ਤੋਂ ਸੁਰੱਖਿਅਤ ਤਰੀਕਾ

**ਇਹ ਕਿਤਾਬਚਾ ਬੀਸੀਜੀ (ਬੈਸੀਲਸ ਕਾਲਮੇਟ-ਗੁਏਰਿਨ) ਟੀਕਾਕਰਨ ਬਾਰੇ ਹੈ ਜੋ ਤੁਹਾਡੇ ਬੱਚੇ ਦੀ ਤਪਦਿਕ (ਟੀਬੀ) ਤੋਂ ਰੱਖਿਆ ਕਰਨ ਲਈ ਪੇਸ਼ ਕੀਤਾ ਜਾ ਰਿਹਾ ਹੈ।**

## ਬੀਸੀਜੀ ਟੀਕਾ ਕੀ ਹੈ?

ਬੀਸੀਜੀ ਟੀਕੇ ਵਿੱਚ ਉਸ ਬੈਕਟੀਰੀਆ (ਰੋਗਾਣੂ) ਦਾ ਕਮਜ਼ੋਰ ਰੂਪ ਹੁੰਦਾ ਹੈ ਜਿਸ ਕਾਰਨ ਟੀਬੀ ਹੁੰਦੀ ਹੈ। ਕਿਉਂਕਿ ਇਹ ਕਮਜ਼ੋਰ ਬਣਾਇਆ ਗਿਆ ਹੁੰਦਾ ਹੈ ਇਸ ਕਾਰਨ ਅਸਲ ਵਿੱਚ ਟੀਬੀ ਨਹੀਂ ਹੁੰਦੀ, ਪਰ ਇਹ ਟੀਬੀ ਤੋਂ ਬਚਾਅ (ਪ੍ਰਤਿਰੱਖਿਆ) ਵਿਕਸਿਤ ਕਰਨ ਵਿੱਚ ਤੁਹਾਡੇ ਬੱਚੇ ਦੀ ਸਹਾਇਤਾ ਕਰਦਾ ਹੈ, ਤਾਂ ਜੋ ਜੇ ਭਵਿੱਖ ਵਿੱਚ ਕਦੇ ਉਹ ਟੀਬੀ ਦੇ ਸੰਪਰਕ ਵਿੱਚ ਆਏ ਤਾਂ ਸੁਰੱਖਿਅਤ ਰਹੇ। ਬੀਸੀਜੀ ਟੀਕਾਕਰਨ ਖਾਸ ਤੌਰ 'ਤੇ ਬੱਚਿਆਂ ਅਤੇ ਛੋਟੇ ਬੱਚਿਆਂ ਨੂੰ ਟੀਬੀ ਦੀਆਂ ਜ਼ਿਆਦਾ ਦੁਰਲੱਭ ਕਿਸਮਾਂ ਜਿਵੇਂ ਕਿ ਟੀਬੀ ਮੈਨਿਨਜਾਈਟਿਸ (ਦਿਮਾਗ ਦੀ ਅੰਦਰਲੀ ਪਰਤ ਦੀ ਸੋਜ਼) ਤੋਂ ਬਚਾਉਣ ਲਈ ਪ੍ਰਭਾਵਸ਼ਾਲੀ ਹੁੰਦਾ ਹੈ।

## ਟੀਬੀ ਕੀ ਹੈ?

ਟੀਬੀ ਇੱਕ ਬੈਕਟੀਰੀਆ ਦੀ ਲਾਗ ਹੈ, ਇਹ ਆਮ ਤੌਰ 'ਤੇ ਫੇਫੜਿਆਂ ਨੂੰ ਪ੍ਰਭਾਵਿਤ ਕਰਦੀ ਹੈ, ਪਰ ਇਹ ਸਰੀਰ ਦੇ ਕਿਸੇ ਵੀ ਹਿੱਸੇ 'ਤੇ ਵੀ ਅਸਰ ਕਰ ਸਕਦੀ ਹੈ। ਹੋ ਸਕਦਾ ਹੈ ਕਿ ਟੀਬੀ ਦੇ ਰੋਗਾਣੂ ਦੀ ਲਾਗ, ਟੀਬੀ ਦੀ ਬਿਮਾਰੀ ਵਿੱਚ ਵਿਕਸਿਤ ਨਾ ਹੋਵੇ। ਟੀਬੀ ਦੀ ਬਿਮਾਰੀ ਸਰੀਰ ਵਿੱਚ ਹੌਲੀ-ਹੌਲੀ ਵਿਕਸਿਤ ਹੁੰਦੀ ਹੈ, ਅਤੇ ਲੱਛਣ ਪ੍ਰਗਟ ਹੋਣ ਵਿੱਚ ਕਈ ਮਹੀਨੇ ਲੱਗ ਜਾਂਦੇ ਹਨ। ਜਿਨ੍ਹਾਂ ਲੋਕਾਂ ਨੂੰ ਟੀਬੀ ਦੀ ਲਾਗ ਹੁੰਦੀ ਹੈ, ਉਹਨਾਂ ਵਿੱਚੋਂ ਜ਼ਿਆਦਾਤਰ ਨੂੰ ਕਦੇ ਵੀ ਟੀਬੀ ਦੀ ਬਿਮਾਰੀ ਨਹੀਂ ਹੋਵੇਗੀ। ਇਹਨਾਂ ਲੋਕਾਂ ਵਿੱਚ, ਟੀਬੀ ਦੇ ਬੈਕਟੀਰੀਆ ਉਮਰ ਭਰ ਅਕਿਰਿਆਸ਼ੀਲ ਰਹਿੰਦੇ ਹਨ। ਦੂਜੇ ਲੋਕਾਂ ਵਿੱਚ (ਉਦਾਹਰਣ ਵਜੋਂ, ਜਿਨ੍ਹਾਂ ਦੀਆਂ ਰੋਗ ਪ੍ਰਤਿਰੱਖਿਆ ਪ੍ਰਣਾਲੀਆਂ ਕਮਜ਼ੋਰ ਹਨ), ਬੈਕਟੀਰੀਆ ਕਿਰਿਆਸ਼ੀਲ ਹੋ ਸਕਦੇ ਹਨ ਅਤੇ ਟੀਬੀ ਦੀ ਬਿਮਾਰੀ ਪੈਦਾ ਕਰ ਸਕਦੇ ਹਨ। ਇਸ ਦੇਸ਼ ਵਿੱਚ ਜ਼ਿਆਦਾਤਰ ਲੋਕ ਇਲਾਜ ਤੋਂ ਬਾਅਦ ਪੂਰੀ ਤਰ੍ਹਾਂ ਠੀਕ ਹੋ ਜਾਂਦੇ ਹਨ, ਪਰ ਇਸ ਵਿੱਚ ਕਈ ਮਹੀਨੇ ਲੱਗਦੇ ਹਨ।

## TB ਦੇ ਲੱਛਣ ਕੀ ਹਨ?

TB ਸਰੀਰ ਦੇ ਕਿਸੇ ਵੀ ਹਿੱਸੇ ਨੂੰ ਪ੍ਰਭਾਵਿਤ ਕਰ ਸਕਦੀ ਹੈ। ਲੱਛਣ ਵੱਖ-ਵੱਖ ਹੋਣਗੇ ਅਤੇ ਬੱਚੇ ਵਿੱਚ ਬਿਮਾਰੀ ਦੇ ਲੱਛਣ ਕਿਸੇ ਬਾਲਗ ਦੇ ਲੱਛਣਾਂ ਨਾਲੋਂ ਵੱਖਰੇ ਹੋ ਸਕਦੇ ਹਨ। ਕਿਉਂਕਿ ਟੀਬੀ ਛੂਤ ਵਾਲੀ ਬਿਮਾਰੀ ਹੈ, ਇਹ ਮਹੱਤਵਪੂਰਨ ਹੈ ਕਿ ਤੁਸੀਂ ਕਿਸੇ ਹੋਰ ਵਿਅਕਤੀ ਵਿੱਚ ਬਿਮਾਰੀ ਨੂੰ ਪਛਾਣ ਸਕੋ।

ਜੇ ਤੁਹਾਨੂੰ, ਤੁਹਾਡੇ ਬੱਚੇ, ਜਾਂ ਤੁਹਾਡੇ ਪਰਿਵਾਰ ਦੇ ਕਿਸੇ ਹੋਰ ਮੈਂਬਰ, ਜਾਂ ਕਿਸੇ ਦੋਸਤ ਨੂੰ ਹੇਠ ਲਿਖਿਆਂ ਵਿੱਚੋਂ ਕੋਈ ਲੱਛਣ ਹੈ ਤਾਂ ਤੁਹਾਨੂੰ ਕਿਸੇ ਡਾਕਟਰ ਨਾਲ ਸੰਪਰਕ ਕਰਨਾ ਚਾਹੀਦਾ ਹੈ:

- ਲਗਾਤਾਰ ਖੰਘ ਜੋ ਤਿੰਨ ਹਫ਼ਤਿਆਂ ਤੋਂ ਵੱਧ ਸਮੇਂ ਤਕ ਰਹਿੰਦੀ ਹੈ
- ਬੁਖ਼ਾਰ
- ਪਸੀਨਾ ਆਉਣਾ, ਖਾਸ ਕਰਕੇ ਰਾਤ ਦੇ ਸਮੇਂ
- ਬਿਨਾਂ ਕਿਸੇ ਕਾਰਨ ਦੇ ਭਾਰ ਘਟਣਾ
- ਥਕਾਵਟ ਅਤੇ ਬਿਮਾਰ ਹੋਣ ਦੀ ਆਮ ਅਤੇ ਅਸਧਾਰਨ ਭਾਵਨਾ
- ਖੰਘ ਨਾਲ ਖੂਨ ਆਉਣਾ

## ਟੀਬੀ ਕਿਵੇਂ ਹੁੰਦੀ ਹੈ?

ਤੁਹਾਨੂੰ ਸਿਰਫ ਉਸ ਵਿਅਕਤੀ ਤੋਂ ਟੀਬੀ ਹੋ ਸਕਦੀ ਹੈ ਜਿਸ ਦੇ ਫੇਫੜਿਆਂ ਜਾਂ ਗਲੇ ਵਿੱਚ ਪਹਿਲਾਂ ਹੀ ਲਾਗ ਹੈ ਅਤੇ ਖੰਘ ਰਿਹਾ ਹੈ। ਜਦੋਂ ਉਹ ਖੰਘਦੇ ਹਨ, ਤਾਂ ਛੋਟੀਆਂ ਬੂੰਦਾਂ ਦਾ ਛਿੜਕਾਅ ਪੈਦਾ ਹੁੰਦਾ ਹੈ ਜਿਸ ਵਿੱਚ ਬੈਕਟੀਰੀਆ ਹੁੰਦੇ ਹਨ। ਜੇ ਤੁਸੀਂ ਬੂੰਦਾਂ ਵਿੱਚ ਸਾਹ ਲੈਂਦੇ ਹੋ ਤਾਂ ਤੁਹਾਨੂੰ ਵੀ ਲਾਗ ਹੋ ਸਕਦੀ ਹੈ। ਲਾਗ ਲੱਗਣ ਦਾ ਜੋਖਮ ਹੋਣ ਲਈ, ਲਾਗ ਵਾਲੇ ਵਿਅਕਤੀ ਨਾਲ ਨਜ਼ਦੀਕੀ ਅਤੇ ਲੰਬੇ ਸੰਪਰਕ ਦੀ ਲੋੜ ਪੈਂਦੀ ਹੈ, ਉਦਾਹਰਣ ਵਜੋਂ ਇੱਕੋ ਘਰ ਵਿੱਚ ਰਹਿਣਾ।

## ਟੀਬੀ ਕਿੰਨੀ ਆਮ ਹੈ?

1950 ਦੇ ਦਹਾਕੇ ਵਿੱਚ ਯੂਕੇ ਵਿੱਚ, ਹਰ ਸਾਲ ਟੀਬੀ ਦੇ 50,000 ਤੋਂ ਵੱਧ ਨਵੇਂ ਕੇਸ ਆਉਂਦੇ ਸਨ। ਅੱਜ, ਇਹ ਗਿਣਤੀ ਘੱਟ ਕੇ ਸਾਲ ਵਿੱਚ ਸਿਰਫ 6,000 ਨਵੇਂ ਕੇਸਾਂ 'ਤੇ ਆ ਗਈ ਹੈ। ਇਸ ਲਈ, ਜਦ ਕਿ ਇਹ ਸੰਭਾਵਨਾ ਨਹੀਂ ਹੈ ਕਿ ਤੁਹਾਨੂੰ ਇਹ ਲਾਗ ਲੱਗ ਜਾਵੇਗੀ, ਹਰ ਕਿਸੇ ਨੂੰ ਟੀਬੀ ਦੇ ਲੱਛਣਾਂ ਦੀ ਜਾਣਕਾਰੀ ਹੋਣੀ ਚਾਹੀਦੀ ਹੈ।

ਇਹ ਵਿਸ਼ੇਸ਼ ਤੌਰ 'ਤੇ ਮਹੱਤਵਪੂਰਨ ਹੈ ਕਿਉਂਕਿ ਟੀਬੀ ਦੁਨੀਆ ਭਰ ਵਿੱਚ ਵਿਆਪਕ ਤੌਰ ‘ਤੇ ਫੈਲੀ ਬਿਮਾਰੀ ਹੈ।

ਬਿਮਾਰੀ ਦਾ ਜੋਖਮ ਉਹਨਾਂ ਲੋਕਾਂ ਵਿੱਚ ਵਧੇਰੇ ਹੁੰਦਾ ਹੈ ਜਿਹੜੇ ਟੀਬੀ ਦੀ ਉੱਚੀ ਦਰ ਵਾਲੇ ਦੇਸ਼ਾਂ ਵਿੱਚ ਰਹੇ ਹਨ ਜਾਂ ਕੰਮ ਕੀਤਾ ਹੈ। ਇਹਨਾਂ ਪਰਿਵਾਰਾਂ ਦੇ ਬੱਚਿਆਂ ਦੀ ਵੀ, ਜਾਂ ਤਾਂ ਯੂਕੇ ਵਿੱਚ ਜਾਂ ਉਨ੍ਹਾਂ ਦੇ ਮੂਲ ਦੇਸ਼ ਵਿੱਚ, ਆਪਣੇ ਭਾਈਚਾਰੇ ਦੇ ਲਾਗ ਵਾਲੇ ਮੈਂਬਰਾਂ ਦੇ ਨੇੜਲੇ ਸੰਪਰਕ ਵਿੱਚ ਆਏ ਹੋਣ ਦੀ ਜ਼ਿਆਦਾ ਸੰਭਾਵਨਾ ਹੁੰਦੀ ਹੈ।

## ਮੇਰੇ ਬੱਚੇ ਨੂੰ ਬੀਸੀਜੀ ਦੀ ਪੇਸ਼ਕਸ਼ ਕਿਉਂ ਕੀਤੀ ਜਾ ਰਹੀ ਹੈ?

ਬਹੁਤ ਸਾਰੇ ਹੋਰ ਦੇਸ਼ਾਂ ਦੀ ਤਰ੍ਹਾਂ, ਯੂਕੇ ਵਿੱਚ ਬੀਸੀਜੀ ਦੀ ਪੇਸ਼ਕਸ਼ ਉਹਨਾਂ ਬੱਚਿਆਂ ਨੂੰ ਕੀਤੀ ਜਾਂਦੀ ਹੈ ਜਿਨ੍ਹਾਂ ਦੀ ਕਿਸੇ ਟੀਬੀ ਵਾਲੇ ਵਿਅਕਤੀ ਦੇ ਸੰਪਰਕ ਵਿੱਚ ਆਉਣ ਦੀ ਸੰਭਾਵਨਾ ਹੁੰਦੀ ਹੈ। ਇਸ ਵਿੱਚ ਉਹ ਬੱਚੇ ਸ਼ਾਮਲ ਹੁੰਦੇ ਹਨ ਜੋ ਟੀਬੀ ਦੀ ਉੱਚੀ ਦਰ ਵਾਲੇ ਖੇਤਰ ਵਿੱਚ ਰਹਿੰਦੇ ਹਨ ਜਾਂ ਜਿਨ੍ਹਾਂ ਦੇ ਮਾਪੇ ਜਾਂ ਨਾਨਾ-ਨਾਨੀ/ ਦਾਦਾ-ਦਾਦੀ ਟੀਬੀ ਦੀ ਉੱਚੀ ਦਰ ਵਾਲੇ ਦੇਸ਼ ਤੋਂ ਹਨ (ਹੋਰ ਜਾਣਕਾਰੀ ਲਈ ਪੰਨਾ 7 ਵੇਖੋ)।

## ਮੇਰੇ ਬੱਚੇ ਨੂੰ ਰੋਗ ਤੋਂ ਸੁਰੱਖਿਅਤ ਕਿਵੇਂ ਕੀਤਾ ਜਾਂਦਾ ਹੈ?

ਤੁਹਾਡੇ ਬੱਚੇ ਨੂੰ ਖੱਬੀ ਬਾਂਹ ਦੇ ਉਪਰਲੇ ਹਿੱਸੇ ਵਿੱਚ ਬੀਸੀਜੀ ਟੀਕਾ ਲਗਾਇਆ ਜਾਵੇਗਾ।

ਟੀਕਾਕਰਨ ਆਮ ਤੌਰ 'ਤੇ ਜਨਮ ਤੋਂ ਬਾਅਦ ਪੇਸ਼ ਕੀਤਾ ਜਾਂਦਾ ਹੈ ਜਦੋਂ ਤੁਹਾਡਾ ਬੱਚਾ ਹਾਲੇ ਹਸਪਤਾਲ ਵਿੱਚ ਹੀ ਹੁੰਦਾ ਹੈ, ਪਰ ਇਹ ਪੰਜ ਸਾਲਾਂ ਤੱਕ ਕਿਸੇ ਵੀ ਸਮੇਂ ਦਿੱਤਾ ਜਾ ਸਕਦਾ ਹੈ।

## ਕੀ ਕੋਈ ਮਾੜੇ ਪ੍ਰਭਾਵ ਹਨ?

ਟੀਕੇ ਦੇ ਤੁਰੰਤ ਬਾਅਦ, ਇੱਕ ਉਭਰਿਆ ਹੋਇਆ ਛਾਲਾ ਦਿਖਾਈ ਦੇਵੇਗਾ। ਇਹ ਦਰਸਾਉਂਦਾ ਹੈ ਕਿ ਟੀਕਾ ਸਹੀ ਢੰਗ ਨਾਲ ਦਿੱਤਾ ਗਿਆ ਹੈ।

ਟੀਕੇ ਦੇ ਦੋ ਤੋਂ ਛੇ ਹਫ਼ਤਿਆਂ ਦੇ ਅੰਦਰ ਇੱਕ ਛੋਟਾ ਜਿਹਾ ਦਾਗ਼ ਦਿਖਾਈ ਦੇਵੇਗਾ। ਇਹ ਕੁਝ ਦਿਨਾਂ ਲਈ ਕਾਫ਼ੀ ਦਰਦ ਕਰ ਸਕਦਾ ਹੈ, ਪਰ ਜੇ ਤੁਸੀਂ ਇਸ ਨੂੰ ਢੱਕਦੇ ਨਹੀਂ ਹੋ ਤਾਂ ਹੌਲੀ-ਹੌਲੀ ਠੀਕ ਹੋ ਜਾਣਾ ਚਾਹੀਦਾ ਹੈ। ਇਹ ਇੱਕ ਛੋਟਾ ਨਿਸ਼ਾਨ ਛੱਡ ਸਕਦਾ ਹੈ।

ਕਦੇ-ਕਦਾਈਂ, ਜਿੱਥੇ ਤੁਹਾਡੇ ਬੱਚੇ ਨੂੰ ਟੀਕਾ ਲਗਾਇਆ ਗਿਆ ਸੀ, ਉਸ ਥਾਂ 'ਤੇ ਥੋੜ੍ਹਾ ਜਿਹਾ ਡੂੰਘਾ ਜ਼ਖ਼ਮ ਹੋ ਸਕਦਾ ਹੈ। ਜੇ ਇਸ ਤੋਂ ਤਰਲ ਪਦਾਰਥ ਨਿਕਲਦਾ ਹੈ ਅਤੇ ਇਸ ਨੂੰ ਢੱਕਣ ਦੀ ਲੋੜ ਹੈ, ਤਾਂ ਪੇਪੜੀ ਬਣਨ ਤੱਕ ਸੁੱਕੀ ਪੱਟੀ ਦੀ ਵਰਤੋਂ ਕਰੋ - ਕਦੇ ਵੀ ਪਲਾਸਟਰ ਨਹੀਂ। ਇਸ ਜ਼ਖ਼ਮ ਨੂੰ ਠੀਕ ਹੋਣ ਵਿੱਚ ਕਈ ਮਹੀਨੇ ਲੱਗ ਸਕਦੇ ਹਨ।

ਜੇ ਤੁਸੀਂ ਚਿੰਤਤ ਹੋ ਜਾਂ ਤੁਹਾਨੂੰ ਲਗਦਾ ਹੈ ਕਿ ਜ਼ਖ਼ਮ ਲਾਗ-ਗ੍ਰਸਤ ਹੋ ਗਿਆ ਹੈ, ਤਾਂ ਆਪਣੇ ਡਾਕਟਰ ਨੂੰ ਮਿਲੋ।



## ਕੀ ਕੋਈ ਅਜਿਹੇ ਕਾਰਨ ਹਨ ਕਿ ਮੇਰੇ ਬੱਚੇ ਨੂੰ ਬੀਸੀਜੀ ਟੀਕਾ ਨਹੀਂ ਲਗਵਾਉਣਾ ਚਾਹੀਦਾ?

ਜਿਵੇਂ ਕਿ ਜ਼ਿਆਦਾਤਰ ਟੀਕਾਕਰਨਾਂ ਦੇ ਨਾਲ ਹੁੰਦਾ ਹੈ, ਟੀਕਾ ਨਹੀਂ ਦਿੱਤਾ ਜਾਣਾ ਚਾਹੀਦਾ ਜਾਂ ਇਸ ਵਿੱਚ ਦੇਰੀ ਕੀਤੀ ਜਾਣੀ ਚਾਹੀਦੀ ਹੈ ਜੇ:

- ਤੁਹਾਡੇ ਬੱਚੇ ਨੂੰ ਤੇਜ਼ ਬੁਖ਼ਾਰ ਹੈ।
- ਤੁਹਾਡਾ ਬੱਚਾ ਚਮੜੀ ਦੀ ਸਧਾਰਨ ਲਾਗ ਤੋਂ ਪੀੜਤ ਹੈ। (ਜੇ ਐਕਜ਼ੀਮਾ (ਚੰਬਲ) ਮੌਜੂਦ ਹੈ, ਤਾਂ ਟੀਕੇ ਲਈ ਅਜਿਹੀ ਜਗ੍ਹਾ ਦੀ ਚੋਣ ਕੀਤੀ ਜਾਵੇਗੀ ਜਿੱਥੇ ਚਮੜੀ 'ਤੇ ਜ਼ਖ਼ਮ ਨਾ ਹੋਵੇ)।

ਵਿਰਲੇ ਹੀ, ਕਮਜ਼ੋਰ ਪ੍ਰਤਿਰੱਖਿਆ ਪ੍ਰਣਾਲੀ ਵਾਲੇ ਬੱਚਿਆਂ ਵਿੱਚ, ਵੈਕਸੀਨ ਵਿਚਲੇ ਬੈਕਟੀਰੀਆ ਗੰਭੀਰ ਲਾਗ ਦਾ ਕਾਰਨ ਬਣ ਸਕਦੇ ਹਨ।

ਇਹ ਬਹੁਤ ਮਹੱਤਵਪੂਰਨ ਹੈ ਕਿ ਜੇ ਤੁਹਾਡੇ ਬੱਚੇ ਦੀ ਪ੍ਰਤਿਰੱਖਿਆ ਪ੍ਰਣਾਲੀ ਕਮਜ਼ੋਰ ਹੈ, ਜਾਂ ਕਮਜ਼ੋਰ ਹੋਣ ਦਾ ਸ਼ੱਕ ਹੈ ਤਾਂ ਤੁਸੀਂ ਨਰਸ ਜਾਂ ਡਾਕਟਰ ਨੂੰ ਦੱਸੋ। ਉਦਾਹਰਨ ਲਈ:

- ਬੱਚੇ ਦਾ ਕੈਂਸਰ ਜਾਂ ਹੋਰ ਗੰਭੀਰ ਸਮੱਸਿਆਵਾਂ ਲਈ ਇਲਾਜ ਚੱਲ ਰਿਹਾ ਹੈ।
- ਗਰਭ-ਅਵਸਥਾ ਵਿੱਚ ਬੱਚੇ ਦੀ ਮਾਂ ਦੀ ਇਮਿਊਨੋਸਪਰੈਸਿਵ ਜੈਵਿਕ ਥੈਰੇਪੀ ਹੋਈ ਸੀ।
- ਪ੍ਰਤਿਰੱਖਿਆ ਪ੍ਰਣਾਲੀ ਸੰਬੰਧੀ ਸਮੱਸਿਆਵਾਂ ਹੋਣ ਦਾ ਪਰਿਵਾਰਕ ਇਤਿਹਾਸ (HIV ਸਮੇਤ)।




## ਕਿਹੜੇ ਬੱਚਿਆਂ ਨੂੰ ਬੀਸੀਜੀ ਦਾ ਟੀਕਾ ਲਗਵਾਉਣ ਦੀ ਲੋੜ ਹੈ

ਭਾਵੇਂ ਤੁਸੀਂ ਉਸ ਖੇਤਰ ਵਿੱਚ ਨਹੀਂ ਰਹਿੰਦੇ ਹੋ ਜਿੱਥੇ ਸਾਰੇ ਬੱਚਿਆਂ ਨੂੰ ਬੀਸੀਜੀ ਦੀ ਪੇਸ਼ਕਸ਼ ਕੀਤੀ ਜਾਂਦੀ ਹੈ, ਤੁਹਾਡੇ ਬੱਚੇ ਨੂੰ ਹਾਲੇ ਵੀ ਟੀਕੇ ਦੀ ਲੋੜ ਹੋ ਸਕਦੀ ਹੈ।

ਜੇ ਤੁਸੀਂ ਹੇਠ ਲਿਖਿਆਂ ਵਿੱਚੋਂ ਕਿਸੇ ਵੀ ਸਵਾਲ ਦਾ '**ਹਾਂ**' ਵਿੱਚ ਜਵਾਬ ਦਿੰਦੇ ਹੋ ਤਾਂ ਤੁਹਾਨੂੰ ਆਪਣੇ ਡਾਕਟਰ ਜਾਂ ਨਰਸ ਨੂੰ ਆਪਣੇ ਬੱਚੇ ਲਈ ਬੀਸੀਜੀ ਬਾਰੇ ਪੁੱਛਣਾ ਚਾਹੀਦਾ ਹੈ।

- ਕੀ ਤੁਹਾਡਾ ਬੱਚਾ, ਬੱਚੇ ਦੀ ਮਾਂ, ਪਿਤਾ ਜਾਂ ਨਾਨਾ-ਨਾਨੀ/ਦਾਦਾ-ਦਾਦੀ, ਜਾਂ ਤੁਹਾਡੇ ਨਾਲ ਰਹਿਣ ਵਾਲਾ ਕੋਈ ਵਿਅਕਤੀ, ਅਜਿਹੇ ਦੇਸ਼ ਤੋਂ ਆਇਆ ਹੈ ਜਿੱਥੇ ਟੀਬੀ ਦੀ ਉੱਚੀ ਦਰ ਹੈ?
- ਕੀ ਤੁਸੀਂ ਅਤੇ ਤੁਹਾਡਾ ਬੱਚਾ ਇਹਨਾਂ ਵਿੱਚੋਂ ਕਿਸੇ ਦੇਸ਼ ਵਿੱਚ ਦੋਸਤਾਂ ਅਤੇ ਪਰਿਵਾਰ ਨਾਲ ਰਹਿਣ ਜਾਂ ਰੁਕਣ ਵਾਸਤੇ ਜਾਓਗੇ?
- ਕੀ ਤੁਹਾਡੇ ਨਾਲ ਰਹਿਣ ਵਾਲੇ, ਜਾਂ ਤੁਹਾਡੇ ਬੱਚੇ ਨਾਲ ਬਹੁਤ ਸਾਰਾ ਸਮਾਂ ਬਿਤਾਉਣ ਵਾਲੇ ਕਿਸੇ ਵਿਅਕਤੀ ਨੂੰ ਹੁਣ ਟੀਬੀ ਹੈ ਜਾਂ ਬੀਤੇ ਸਮੇਂ ਵਿੱਚ ਟੀਬੀ ਹੋਈ ਸੀ?



ਟੀਬੀ ਦੀਆਂ ਉੱਚੀਆਂ ਦਰਾਂ ਵਾਲੇ ਦੇਸ਼ ਇਸ ਵੈੱਬਸਾਈਟ 'ਤੇ ਵਿਸ਼ਵ ਸਿਹਤ ਸੰਗਠਨ (WHO) ਦੇ ਅੰਕੜਿਆਂ ਤੋਂ ਲਏ ਗਏ ਹਨ:

**www.gov.uk/government/publications/tuberculosis-tb-by-country-rates-per-100000-people**

## ਕੀ ਮੈਨੂੰ ਹੋਰ ਕੁਝ ਜਾਣਨ ਦੀ ਜ਼ਰੂਰਤ ਹੈ?

ਤੁਹਾਡਾ ਬੱਚਾ ਅੱਠ ਹਫ਼ਤਿਆਂ ਦੀ ਉਮਰ ਵਿੱਚ ਆਪਣੇ ਰੂਟੀਨ ਟੀਕਾਕਰਨਾਂ ਦੀ ਸ਼ੁਰੂਆਤ ਕਰ ਸਕਦਾ ਹੈ ਭਾਵੇਂ ਉਸ ਨੇ ਆਪਣਾ ਬੀਸੀਜੀ ਦਾ ਟੀਕਾ ਲਗਵਾਇਆ ਹੋਵੇ ਜਾਂ ਨਹੀਂ। ਤੁਹਾਨੂੰ ਇਹ ਪੱਕਾ ਕਰਨਾ ਚਾਹੀਦਾ ਹੈ ਕਿ ਤੁਹਾਡੇ ਬੱਚੇ ਨੂੰ ਬੀਸੀਜੀ ਦਾ ਟੀਕਾ ਲਗਾਏ ਜਾਣ ਦੇ ਬਾਅਦ ਘੱਟੋ-ਘੱਟ ਤਿੰਨ ਮਹੀਨਿਆਂ ਲਈ ਉਸੇ ਬਾਂਹ ਵਿੱਚ ਕੋਈ ਹੋਰ ਟੀਕਾ ਨਹੀਂ ਲਗਾਇਆ ਜਾਂਦਾ ਹੈ; ਨਹੀਂ ਤਾਂ ਉਸ ਖੇਤਰ ਦੀਆਂ ਗਿਲਟੀਆਂ ਫੁੱਲ ਸਕਦੀਆਂ ਹਨ।




ਇਹ ਪੱਕਾ ਕਰੋ ਕਿ ਭਵਿੱਖ ਵਿੱਚ ਹਵਾਲੇ ਲਈ ਤੁਹਾਡੇ ਬੱਚੇ ਦੇ ਨਿੱਜੀ ਚਾਈਲਡ ਹੈਲਥ ਰਿਕਾਰਡ (ਲਾਲ ਕਿਤਾਬ) ਵਿੱਚ ਬੀਸੀਜੀ ਟੀਕਾਕਰਨ ਦਾ ਰਿਕਾਰਡ ਹੈ।

## ਹੋਰ ਜਾਣਕਾਰੀ

ਜੇ ਤੁਸੀਂ ਟੀਬੀ, ਜਾਂ ਬੀਸੀਜੀ ਵੈਕਸੀਨ ਜਾਂ ਕਿਸੇ ਹੋਰ ਟੀਕਾਕਰਨ ਬਾਰੇ ਵਧੇਰੇ ਜਾਣਕਾਰੀ ਲੈਣੀ ਚਾਹੁੰਦੇ ਹੋ, ਤਾਂ ਆਪਣੇ ਡਾਕਟਰ, ਹੈਲਥ ਵਿਜ਼ਿਟਰ, ਦਾਈ ਜਾਂ ਨਰਸ ਨਾਲ ਗੱਲ ਕਰੋ; ਜਾਂ ਸਾਡੀ ਇਸ ਵੈੱਬਸਾਈਟ 'ਤੇ ਜਾਓ: **www.nhs.uk/vaccinations.**

**ਯਾਦ ਰੱਖੋ, ਟੀਬੀ ਦਾ ਇਲਾਜ ਕਰਨ ਵਿੱਚ ਲੰਮਾ ਸਮਾਂ ਲੱਗਦਾ ਹੈ, ਇਸ ਨੂੰ ਰੋਕਣਾ ਜ਼ਿਆਦਾ ਸੌਖਾ ਹੈ।**

NHS

©ਕ੍ਰਾਊਨ ਕਾਪੀਰਾਈਟ 2019

2900193B 75K 1p FEB 2019 (APS)

ਇਸ ਕਿਤਾਬਚੇ ਦੀਆਂ ਹੋਰ ਕਾਪੀਆਂ ਮੰਗਵਾਉਣ ਲਈ,

ਇਸ ਵੈੱਬਸਾਈਟ 'ਤੇ ਜਾਓ: **www.orderline.dh.gov.uk** ਜਾਂ ਫ਼ੋਨ: 0300 123 1002,

ਮਿਨੀਕੋਮ: 0300 123 1003 (ਸੋਮਵਾਰ ਤੋਂ ਸ਼ੁੱਕਰਵਾਰ ਸਵੇਰੇ 8 ਤੋਂ ਰਾਤ 6 ਵਜੇ ਤੱਕ)।